# ਵਿਦੇਸ਼ੀਆ ਵਾਸਤੇ
# ਕਿਸ ਤਰਾ ਚਲਦਾਂ ਹੈ ਸਕੂਲ ਇਟਲੀ ਵਿਚ




CIAO!

# ਜੀ ਆਇਆ ਨੂੰ

ਜੀ ਆਇਆ ਨੂੰ

**ਸਾਡੇ ਦੇਸ਼ ਵਿਚ ਤੇ ਸਾਡੇ ਸਕੂਲਾ ਵਿਚ ਸਭ ਤੋ ਪਹਿਲਾ ਅਸੀ ਤੁਹਾਡਾ ਤੇ ਬੱਚਿਆ ਦਾ ਇਟਲੀ ਵਿਚ ਤੇ ਇਥੇ ਦੇ ਸਕੂਲਾ ਵਿਚ ਤੁਹਾਡਾ ਸਵਾਗਤ ਕਰਦੇ ਹਾਂ ।**ਤੇ ਅਸੀ ਤੁਹਾਨੂੰ ਸਕੂਲ ਪਰੀਮਾਰੀਆ ਬਾਰੇ ਕੁੱਝ ਜਾਣਕਾਰੀ ਦਿੰਦੇ ਹਾਂ ।ਤੁਸੀ ਆਪਣੇ ਬੱਚੇ ਦਾ ਦਾਖਲਾ ਦਵਾਉ ਜੇਕਰ ਸਕੂਲ ਸ਼ੁਰੂ ਹੋ ਗਿਆ ਹੋਵੇ ਤਾ ਕੋਈ ਗੱਲ ਨਹੀ ।

ਕਿਉਕਿ ਹਰ ਇੱਕ ਬੱਚੇ ਦਾ ਹੱਕ ਹੈ ਸਕੂਲ ਜਾਣ ਦਾ ਫਿਰ ਵੀ ਜਿਨਹਾ ਕੋਲ ਸਜੋਰਨੋ ਨਹੀ ਹੈ ਉਹ ਕਿਸੇ ਵੀ ਡਰ ਤੋ ਬਗੈਰ ਸਕੂਲ ਜਾ ਸਕਦੇ ਹਨ । ( ONU Convenzione internazionale sui diritti dell’infanzia, Art. 28 e DPR 394/99)


SCUOLA PRIMARIA
LIBRO
1
VACAN

# 1 ਕਿੰਨੇ ਸਾਲ ਚਲਦਾ ਹੈ ਸਕੂਲ ਇਟਾਲੀਆ ਵਿੱਚ ?

| | |
|---|---|
| **ਅਜੀਲੋ ਨੀਦੋ** | **3 ਸਾਲ ਤੱਕ** |
| **ਐਲ ਕੇਜੀ** | **3 ਤੋ 6 ਸਾਲ ਤੱਕ** |
| **ਏਲੇਮੇਨਤਾਰੇ** | **6 ਤੋ 11 ਸਾਲ ਤੱਕ** |
| **ਮੇਦੀਆ** | **11 ਤੋ 14 ਸਾਲ ਤੱਕ** |
| **ਸੂਪੇਰੀਊਰੇ** | **14 ਸਾਲ ਤੋ ਬਾਅਦ** |

ਪਹਿਲੇ 8 ਸਾਲ ਪੜਨ ਵਾਸਤੇ ਜਰੂਰੀ ਹਨ ।

- 5 ਸਾਲ ਏਲੇਮੇਨਤਾਰੇ ਵਿੱਚ
- 3 ਸਾਲ ਮੇਦੀਏ ਵਿੱਚ

ਸਕੂਲ ਏਲੇਮੇਨਤਾਰੇ ਫਰੀ ਹੈ । ਕਿਤਾਬਾ ਸਕੂਲ ਵਲੋ ਦਿੱਤੀਆ ਜਾਂਦੀਆ ਹਨ । ਤੇ ਮਾਤਾ ਪਿਤਾ ਨੂੰ ਕਾਪੀਆ ਪੈਂਸਲਾ ਰੰਗ ਤੇ ਬਾਕੀ ਸਮਾਨ ਆਪ ਖਰੀਦਣਾ ਪੈਦਾ ਹੈ ।
***ਅਧਿਆਪਕਾ ਕੋਲੋ ਸਮਾਨ ਦੀ ਲਿਸਟ ਲੈਣੀ ਜਰੂਰੀ ਹੈ*** ।

*ਨੋਟ:*

**ਐਲਕੇਜੀ ਸਕੂਲ**

- *ਇਸ ਸਕੂਲ ਵਿੱਚ ਸਾਰੇ ਬੱਚੇ ਦਾਖਲਾ ਲੈ ਸਕਦੇ ਹਨ । ਜੋ ਕਿ 3 ਸਾਲ ਦੇ ਹੋਣ ਜਿਸ ਸਾਲ ਵਿੱਚ ਦਾਖਲਾ ਲੈਣਾ ਹੈ ਉਸ ਸਾਲ ਦੀ 28 ਫਰਵਰੀ ਨੂੰ ਬੱਚਾ 3 ਸਾਲ ਦਾ ਹੋਣਾ ਚਾਹੀਦਾ ਹੈ ।*

***ਏਲੇਮੇਨਤਾਰੇ***

- *ਇਸ ਸਕੂਲ ਵਿੱਚ ਦਾਖਲਾ ਲੈਣ ਲਈ ਬੱਚਾ 6 ਸਾਲ ਦਾ ਹੋਣਾ ਜਰੂਰੀ ਹੈ ।*


SEGRETERIA
ORARI

# 2 ਸਕੂਲ ਏਲੇਮੇਨਤਾਰੇ ਵਿੱਚ ਦਾਖਲਾ ਲੈਣ ਲਈ ਕਿਹੜੇ ਕਾਗਜ਼ ਜਰੂਰੀ ਹਨ ?

ਦਾਖਲਾ ਲੈਣ ਲਈ ਬੱਚੇ ਦੇ ਮਾਤਾ ਪਿਤਾ ਨੂੰ ਸਕੂਲ ਜਾ ਕੇ ਇਕ ਕਾਗਜ਼ ਭਰਨਾ ਪੈਦਾ ਹੈ ਜੋ ਕਿ ਸਿਰਫ਼ ਸਕੂਲ ਦੀ ਕਲਰਕ ਦਿੰਦੀ ਹੈ।

ਇਸ ਕਾਗਜ਼ ਵਿੱਚ ਬੱਚੇ ਦੀ ਜਨਮ ਦੀ ਤਰੀਕ ਤੇ ਬਾਕੀ ਸਾਰੀ ਹੀ ਜਾਣਕਾਰੀ ਲਿਖੀ ਹੁੰਦੀ ਹੈ।

**ਜੇ ਤੁਹਾਡੇ ਕੋਲ ਇਹ ਕਾਗਜ਼ ਹੋਣ :**

- ਜਨਮ ਦਾ ਸਰਟੀਫਿਕੇਟ
- ਟੀਕਿਆ ਦਾ ਸਰਟੀਫਿਕੇਟ
- ਸਕੂਲ ਦਾ ਸਰਟੀਫਿਕੇਟ

ਤਾਂ ਤੁਸੀ ਇਹ ਸਕੂਲ ਦੀ ਕਲਰਕ ਨੂੰ ਦੇ ਸਕਦੇ ਹੋ।

ਜੇ ਇਨਾਂ ਵਿਚੋ ਤੁਹਡੇ ਕੋਲ ਕੋਈ ਵੀ ਕਾਗਜ਼ ਨਾ ਹੋਵੇ ਤਾ ਅਧਿਆਪਕ ਜੋ ਠੀਕ ਸਮਝਣ ਬੱਚੇ ਨੂੰ ਉਸ ਹੀ ਕਲਾਸ ਵਿਚ ਰੱਖਣਗੇ।

**ਦਾਖਲਾ ਲੈਣ ਤੋ ਬਾਅਦ ਇਹ ਕਾਗਜ਼ ਭਰਨੇ ਜਰੂਰੀ ਹਨ।**

- ਕਿਸ ਸਕੂਲ ਵਿਚ ਦਾਖਲਾ ਲੈਣਾ ਹੈ।
- ਇਟਾਲੀ ਧਰਮ ਕਰਨਾ ਚਾਹੁੰਦੇ ਹੋ ਜਾ ਨਹੀ।
- ਜੇ ਸਕੂਲ ਵਿਚ ਰੋਟੀ ਖਾਣੀ ਹੈ ਜਾ ਨਹੀ।
- ਅਗਲੇ ਸਕੂਲ ਵਾਸਤੇ ਲਿਖਣ ਵਾਸਤੇ

*ਜੇ ਤੁਹਾਡੇ ਕੋਲ ਟੀਕਿਆ ਦਾ ਸਰਟੀਫਿਕੇਟ ਨਾ ਹੋਵੇ ਤਾ ਤੁਸੀ Azienda Sanitaria Locale (ASL) di Sondrio Via N° Sauro 33 ਤੇ ਉਹ ਤੁਹਾਨੂੰ ਸਾਰੀ ਜਾਣਕਾਰੀ ਦੇਣਗੇ ਕਿ ਤੁਸੀ ਕੀ ਕਰਨਾ ਹੈ।*


BUON GIORNO!

# 3 ਸਕੂਲ "ਅੱਧੇ ਦਿਨ ਵਾਸਤੇ" ਜਾ "ਫੁਲ ਟਾਇਮ" ?

ਜਿਹੜੇ ਮਰਜੀ ਸਕੂਲ ਵਿਚ ਮਾਤਾ ਪਿਤਾ ਬੱਚੇ ਦਾ ਸਕੂਲ ਦਾ ਟਾਇਮ ਸਲੈਕਟ ਕਰ ਸਕਦੇ ਹਨ।


- **ਫੂਲ ਟਾਇਮ**

  40 ਘੰਟੇ ਹਫਤੇ ਵਿਚ ਸੋਮਵਾਰ ਤੋ ਸ਼ੁਕਰਵਾਰ ਤੱਕ (27 ਘੰਟੇ ਜਰੂਰੀ + 3 ਘੰਟੇ ਇਟਾਲੀਅਨ ਧਰਮ ਦੇ + 10 ਘੰਟੇ ਰੋਟੀ ਦੇ )

- **ਨੋਰਮਲ ਟਾਇਮ ( ਅੱਧੇ ਦਿਨ ਵਾਸਤੇ )**

  27 ਜਾ 30 ਘੰਟੇ ਹਫਤੇ ਦੇ 27 ਘੰਟੇ ਜਰੂਰੀ 3 ਘੰਟੇ ਜਿਆਦਾ ਜਰੂਰੀ ਨਹੀ ਹਫਤੇ ਵਿਚ (1, 2, 3, ਜਾ 4 ਸ਼ਾਮ) ਵੱਖ ਵੱਖ ਸਕੂਲਾ ਵਿਚ ਵੱਖਰੇ ਨਿਯਮ ਹੁੰਦੇ ਹਨ।
  ਸਕੂਲੇ ਰੋਟੀ ਖਾਣੀ ਜਰੂਰੀ ਨਹੀ ਹੈ।

*ਸਕੂਲ ਵਿਚ ਟਾਇਮ ਨਾਲ ਆਉਣਾ ਜਰੂਰੀ ਹੈ।*
*ਆਪਣੇ ਬੱਚੇ ਦੇ ਕਲਾਸ ਦਾ ਟਾਇਮ ਤੋ ਪਹਿਲਾ ਪੁਹੰਚਣਾ ਜਰੂਰੀ ਹੈ।*



## 4 ਸਕੂਲ ਵਿਚ ਰੋਟੀ ਖਾਣ ਵਾਸਤੇ ਕਿਸ ਤਰਾਂ ਦਾਖਲਾ ਲੈਣਾ ਚਾਹੀਦਾ ਹੈ ?

ਕਈ ਸਕੂਲਾ ਵਿਚ ਰੋਟੀ ਖਾਣ ਦੀ ਸਰਵਿਸ ਹੁੰਦੀ ਹੈ ।

ਮਾਤਾ ਪਿਤਾ ਨੂੰ ਇਸ ਵਾਸਤੇ ਪੈਸੇ ਦੇਣੇ ਪੈਂਦੇ ਹਨ ਇਹ ਪੈਸੇ ਤੁਹਾਡੀ ਰੇਦੀਤੋ ਦੇ ਹਿਸਾਬ ਨਾਲ ਹੁੰਦੇ ਹਨ ।

ਇਥੇ ਤੁਸੀ ਆਪਣੇ ਬੱਚੇ ਦੇ ਖਾਣ ਪੀਣ ਵਾਸਤੇ ਵੀ ਦੱਸ ਸਕਦੇ ਹੋ ਇਹ ਭਾਵੇ ਬੱਚੇ ਦੀ ਸਿਹਤ ਵਾਸਤੇ ਜਾ ਫਿਰ ਆਪਣੇ ਧਰਮ ਰਹਿਤ ।

ਇਥੇ ਦਾਖਲਾ ਲੈਣ ਵਾਸਤੇ ਤੁਹਾਨੂੰ ਇੱਕ ਕਾਗਜ਼ ਵੀ ਭਰਨਾ ਪੈਦਾ ਹੈ । ਜੋ ਕਿ ਤੁਹਾਨੂੰ ਕਮੂਨੇ ਵਾਲੇ ਦਿੰਦੇ ਹਨ ।


ਜੇ ਤੁਸੀ ਆਪਨੇ ਬੱਚੇ ਦੇ ਖਾਣ ਪੀਣ ਦੇ ਪੈਸੇ ਘਟਾਉਣਾ ਚਾਹੁੰਦੇ ਹੋ ਤਾਂ ਆਪਣੇ ਪੂਰੇ ਸਾਲ ਦੀ ਰੇਦੀਤੋ ਦਖਾਉਣਾ ਜਰੂਰੀ ਹੈ ਅਤੇ ਨਾਲ ਹੀ ਪਿਤਾ ਜਾ ਮਾਤਾ ਦਾ ਅਡੈਨਟੀ ਕਾਰਡ ਜਾ ਪਾਸਪੋਰਟ ਦਖਾਉਣਾ ਜਰੂਰੀ ਹੈ ।

<u>**ਕਮੂਨੇ ਦੇ ਕਲਰਕ ਵਾਸਤੇ :**</u>

- ਕਾਗਜ 101 ਜਾ 740
- ਬੱਚੇ ਦੇ ਖਾਣ ਪੀਣ ਸੰਬੰਦੀ ਧਰਮ ਵਾਸਤੇ ਜਾ ਬੱਚੇ ਦੀ ਸਿਹਤ ਵਾਸਤੇ ਵੀ ਦੱਸਣਾ ਜਰੂਰੀ ਹੈ

*ਕੋਈ ਵੀ ਸਵਾਲ ਹੋਵੇ ਜਾ ਸ਼ੱਕ ਹੋਵੇ ਤਾ ਤੁਸੀ ufficio istruzione del comune di Sondrio ਨਾਲ ਸੰਪਰਕ ਕਰ ਸਕਦੇ ਹੋ । 0342/526262*




1+2=3
3+5=8

# 5 ਜੇਕਰ ਮਾਤਾ ਪਿਤਾ ਕੰਮ ਤੇ ਜਾਦੇ ਹੋਣ ?

ਜੇਕਰ ਸਕੂਲ ਆਉਣ ਵਾਸਤੇ ਬੱਚਿਆ ਦੇ ਮਾਤਾ ਪਿਤਾ ਨੂੰ ਕੋਈ ਵੀ ਪਰੇਸ਼ਾਨੀ ਹੋਵੇ ਤਾਂ ਉਹ ਸਕੂਲ ਜਾ ਕੇ ਦੱਸ ਸਕਦੇ ਹੋ ।

*ਕਿਸੇ ਵੀ ਮਦਦ ਵਾਸਤੇ ਜਾ ਕਿਸੇ ਵੀ ਸਲਾਹ ਵਾਸਤੇ ਸਕੂਲ ਦੇ ਸੈਕਟਰੀ ਕੋਲੋ ਵੀ ਪੁੱਛ ਸਕਦੇ ਹੋ ।*

# 6 ਧਾਂਰਮਿਕ ਪੜਾਈ ਜਾ ਹੋਰ ………………

ਹਫਤੇ ਵਿਚ ਦੋ ਘੰਟੇ ਧਾਰਮਿਕ ਪੜਾਈ ਕਰਵਾਈ ਜਾਦੀ ਹੈ ।

ਦਾਖਲਾ ਲੈਣ ਦੇ ਸਮੇ ਮਾਤਾ ਪਿਤਾ ਨੂੰ ਧਾਰਮਿਕ ਪੜਾਈ ਬਾਰੇ ਦੱਸਣਾ ਜਰੁਰੀ ਹੈ ।

| ਕਰਨੀ ਹੈ | | ਜਾ ਨਹੀ |
|---|---|---|

ਅਤੇ ਜੇ ਮਾਤਾ ਪਿਤਾ ਆਪਣੇ ਬੱਚਿਆ ਨੂੰ ਧਾਰਮਿਕ ਪੜਾਈ ਨਹੀ ਕਰਵਾਉਣਾ ਚਾਉਦੇ ਤਾ ਉਹਨਾ ਕੋਲ ਸਿਰਫ ਦੋ ਹੀ ਰਸਤੇ ਹਨ ।

- ਸਕੂਲ ਵਿਚ ਰਹਿ ਕੇ ਪੜਾਈ ਕਰਨੀ ।
- ਜਾ ਫਿਰ ਸਕੂਲ ਤੋ ਬਾਹਰ ਜਾਣਾ ।

# 1 ਕਿਹੜਾ ਹੈ ਸਕੂਲ ਦਾ ਕਲੰਡਰ ?

ਸਕੂਲ ਸਾਲ ਵਿਚ 9 ਮਹੀਨੇ ਚਲਦਾ ਹੈ ।

ਸ਼ੁਰੂ ਅੱਧੇ ਸਤੰਬਰ ਵਿਚ ਹੁੰਦਾ ਹੈ ਤੇ ਖਤਮ ਜੂਨ ਦੇ ਅੱਧ ਵਿਚ ।

**ਛੁੱਟੀਆ ਦੋ ਪ੍ਰਕਾਰ ਦੀਆ ਹੁੰਦੀਆ ਹਨ ।**


- 2 ਹਫਤੇ ਨਤਾਲਿਆ ਵਿਚ ( ਜਿਆਦਾ ਤਰ 23 ਦਸੰਬਰ ਤੋ 6 ਜਨਵਰੀ ਤੱਕ )
- 1 ਹਫਤੇ ਪਾਸਕੋਏ ਵਿਚ ( ਮਾਰਚ ਜਾ ਅਪ੍ਰੈਲ ਵਿਚ )

ਬਾਕੀ ਛੁਟੀਆ ਸਕੁਲਾ ਦੇ ਹਿਸਾਬ ਨਾਲ ਹੁੰਦੀਆ ਹਨ ।

*ਬਾਕੀ ਸਕੂਲ ਵਾਲੇ ਤੁਹਾਨੂੰ ਸੁੱਚਿਤ ਕਰਦੇ ਰਹਿਣਗੇ ਜੋ ਸਕੂਲ ਵਿਚ ਹੁੰਦਾ ਹੈ ਅਤੇ ਜੋ ਬੱਚਿਆ ਨੂੰ ਕਰਨਾ ਚਾਹੀਦਾ ਹੈ।*

ਹਰ ਛੁੱਟੀ ਲੈਣ ਵਾਸਤੇ ਮਾਤਾ ਪਿਤਾ ਦੇ ਸਾਇਨ ਹੋਣੇ ਜਰੂਰੀ ਹਨ




√3 - 2 + (6-2) = ...
LONDON
a b c d

# 8 ਬੱਚੇ ਸਕੂਲ ਵਿਚ ਕੀ ਸਿੱਖਦੇ ਹਨ ?

**ਸਕੂਲ ਮੈਦੀਆ ਵਿਚ ਬੱਚੇ ਹੇਠ ਲਿਖੀਆ ਗੱਲਾ ਸਿਖਦੇ ਹਨ ।**

- ਇਟਾਲੀਅਨ ਭਾਸ਼ਾ
- ਹਿਸਾਬ
- ਸਾਈਸ
- ਸਮਾਜਿਕ ਸਿੱਖਿਆ
- ਵਿਗਿਆਨ
- ਟੈਕਨੋਲਜੀ ਤੇ ਕੰਪੂਟਰ
- ਇੰਗਲੀਸ਼
- ਡਰਾਇੰਗ
- ਖੇਡਾ
- ਮਿਓਜਿਕ

# 9 ਬੱਚਿਆ ਨੂੰ ਕਿਸ ਹਿਸਾਬ ਨਾਲ ਨੰਬਰ ਦਿੰਤੇ ਜਾਦੇ ਹਨ ?

ਬੱਚਿਆ ਨੂੰ ਸਾਲ ਵਿਚ 2 ਵਾਰੀ ਟੈਸਟ ਹੁੰਦੇ ਹਨ ਤੇ ਉਸ ਹਿਸਾਬ ਨਾਲ ਨੰਬਰ ਦਿੱਤੇ ਜਾਦੇ ਹਨ ।

ਸਤੰਬਰ ਤੋਂ ਜਨਵਰੀ ਅਤੇ ਫਰਵਰੀ ਤੋਂ ਜੂਨ

ਜਨਵਰੀ ਅਤੇ ਜੂਨ ਵਿਚ ਅਧਿਆਪਕ ਰਿਪੋਰਟ

ਕਾਰਡ ਦਿੰਦੇ ਹਨ ਅਤੇ ਉਹ ਬੱਚਿਆ ਦੇ ਮਾਪਿਆ ਨੂੰ ਦਿੰਦੇ ਹਨ ।



# 10 ਅਧਿਅਪਕਾ ਅਤੇ ਬੱਚਿਆ ਦੇ ਮਾਪਿਆ ਦੀਆ ਮੀਟਿੰਗਾ ਕਿਸ ਵਾਸਤੇ ਕੀਤੀਆ ਜਾਂਦੀਆ ਹਨ ?

ਮੀਟਿੰਗਾ ਬੱਚਿਆ ਵਾਸਤੇ ਅਤੇ ਉਹਨਾ ਦੀਆ ਮੁਸ਼ਕਲਾ ਵਾਸਤੇ ਹੁੰਦੀਆ ਹਨ ।

ਇਹ ਮੁਲਾਕਾਤਾ ਬਹੁਤ ਜਰੂਰੀ ਹਨ ਕਿਉਕੀ ਸਕੂਲ ਅਤੇ ਪਰੀਵਾਰ ਇਕੱਠੇ ਹੋ ਕੇ ਬੱਚਿਆ ਦੇ ਭਵਿੱਖ ਵਾਸਤੇ ਸੋਚਦੇ ਹਨ ।

## *ਮੁਲਾਕਾਤ*

ਹਰ ਅਧਿਆਪਕ ਮਾਤਾ ਪਿਤਾ ਨੂੰ ਜਾਣਕਾਰੀ ਦਿੰਦੇ ਹਨ ਕੀ ਉਹ ਕਦੋ ਆਪਣੇ ਬੱਚਿਆ ਵਾਸਤੇ ਆ ਕੇ ਗੱਲ ਬਾਤ ਕਰ ਸਕਦੇ ਹਨ । ਅਤੇ ਨਾਲ ਹੀ ਮਾਪਿਆ ਦੀ ਮਦਦ ਵਾਸਤੇ ਉਹਨਾਂ ਨੂੰ ਸਮਝਾਉਣ ਵਾਸਤੇ ਉਹਨਾਂ ਦੀ ਭਾਸ਼ਾ ਦਾ ਇਕ ਸਹਾਇਕ ਵੀ ਹੁੰਦਾ ਹੈ ।

ਮਾਤਾ ਪਿਤਾ ਵੀ ਬੱਚਿਆ ਦੇ ਬਾਰੇ ਗੱਲ ਬਾਤ ਕਰਨ ਵਾਸਤੇ ਅਧਿਆਪਕਾ ਨੂੰ ਮਿਲ ਸਕਦੇ ਹਨ ।

*ਜੇ ਤੁਸੀ ਆਪਣੇ ਬੱਚੇ ਬਾਰੇ ਗੱਲ ਬਾਤ ਕਰਨਾ ਚਹੁੰਦੇ ਹੋ ਤਾਂ ਜਲਦੀ ਤੋ ਜਲਦੀ ਅਧਿਆਪਕਾ ਨੂੰ ਮਿਲੋ ।*



# 11 ਜੇ ਬੱਚੇ ਨੂੰ ਇਟਾਲੀਅਨ ਨਹੀ ਅਉਦੀ ?

ਬੱਚੇ ਦੀ ਮਦਦ ਵਾਸਤੇ ਅਤੇ ਉਸ ਨੂੰ ਕਲਾਸ ਵਿੱਚ ਦਾਖਲਾ ਦਵਾਉਣ ਵਾਸਤੇ ਅਤੇ ਇਟਾਲੀਅਨ ਸਖਾਉਣ ਵਾਸਤੇ ਅਧਿਆਪਕ ਬੱਚਿਆ ਨੂੰ ਇਟਾਲੀਅਨ ਸਖਾਉਣ ਵਾਸਤੇ ਤਿਆਰੀ ਕਰਦੇ ਹਨ ।

*ਕਈ ਸਕੂਲਾ ਵਿੱਚ ਬੱਚਿਆ ਨੂੰ ਇਟਾਲੀਅਨ ਸਖਾਉਣ ਲਈ ਬਾਹਰੋ ਅਧਿਆਪਕਾ ਆਉਦੇ ਹਨ । ਅਤੇ ਛੋਟੇ ਗਰੁਪਾ ਵਿੱਚ ਵੰਡ ਦੇ ਭਾਸ਼ਾ ਸਖਾਉਦੇ ਹਨ ।*


SCUOLA SECONDARIA
11
12
13
14

# ਜੀ ਆਇਆ ਨੂੰ

**ਜੀ ਆਇਆ ਨੂੰ**

**ਸਾਡੇ ਦੇਸ਼ ਵਿਚ ਤੇ ਸਾਡੇ ਸਕੂਲਾ ਵਿਚ ਸਭ ਤੋ ਪਹਿਲਾ ਅਸੀ ਤੁਹਾਡਾ ਤੇ ਬੱਚਿਆ ਦਾ ਇਟਲੀ ਵਿਚ ਤੇ ਇਥੇ ਦੇ ਸਕੂਲਾ ਵਿਚ ਤੁਹਾਡਾ ਸਵਾਗਤ ਕਰਦੇ ਹਾਂ ।**ਤੇ ਅਸੀ ਤੁਹਾਨੂੰ ਸਕੂਲ ਪਰੀਮਾਰੀਆ ਬਾਰੇ ਕੁੱਝ ਜਾਣਕਾਰੀ ਦਿੰਦੇ ਹਾਂ ।ਤੁਸੀ ਆਪਣੇ ਬੱਚੇ ਦਾ ਦਾਖਲਾ ਦਵਾਉ ਜੇਕਰ ਸਕੂਲ ਸ਼ੁਰੂ ਹੋ ਗਿਆ ਹੋਵੇ ਤਾ ਕੋਈ ਗੱਲ ਨਹੀ ।

ਕਿਉਕਿ ਹਰ ਇੱਕ ਬੱਚੇ ਦਾ ਹੱਕ ਹੈ ਸਕੂਲ ਜਾਣ ਦਾ ਫਿਰ ਵੀ ਜਿਨਹਾ ਕੋਲ ਸਜੋਰਨੋ ਨਹੀ ਹੈ ਉਹ ਕਿਸੇ ਵੀ ਡਰ ਤੋ ਬਗੈਰ ਸਕੂਲ ਜਾ ਸਕਦੇ ਹਨ । ( ONU Convenzione internazionale sui diritti dell’infanzia, Art. 28 e DPR 394/99)


BUON GIORNO!

# 1 ਕਿੰਨੇ ਸਾਲ ਚਲਦਾ ਹੈ ਸਕੂਲ ਇਟਾਲੀਆ ਵਿੱਚ ?

| | |
|---|---|
| **ਅਜੀਲੋ ਨੀਦੋ** | **3 ਸਾਲ ਤੱਕ** |
| **ਐਲ ਕੇਜੀ** | **3 ਤੋ 6 ਸਾਲ ਤੱਕ** |
| **ਏਲੇਮੇਨਤਾਰੇ** | **6 ਤੋ 11 ਸਾਲ ਤੱਕ** |
| **ਸੇਕੋਨਦਾਰੀਆ ਦੀ ਪਰੀਮੋ ਗਰਾਦੋ (ਮੇਦੀਆ)** | **11 ਤੋ 14 ਸਾਲ ਤੱਕ** |
| **ਸਕੋਲਾ ਸੇਕੋਨਦਾਰੀਆ ਦੀ ਸੇਕੋਨਦੋ ਗਰਾਦੋ (ਸੁਪੇਰੀਊਰੇ)** | **14 ਸਾਲ ਤੋ ਬਾਅਦ** |

ਪਹਿਲੇ 8 ਸਾਲ ਪੜਨ ਵਾਸਤੇ ਜਰੂਰੀ ਹਨ ।

- 5 ਸਾਲ ਏਲੇਮੇਨਤਾਰੇ ਵਿੱਚ
- 3 ਸਾਲ ਮੇਦੀਏ ਵਿੱਚ

ਸਕੂਲ ਮੇਦੀਆ (ਦੀ ਪਰੀਮੋ ਗਰਾਦੋ) ਫਰੀ ਹੈ । ਕਿਤਾਬਾ ਸਕੂਲ ਵਲੋ ਨਹੀ ਦਿੱਤੀਆ ਜਾਦੀਆ ਹਨ । ਤੇ ਮਾਤਾ ਪਿਤਾ ਨੂੰ ਕਾਪੀਆ, ਪੈਸਲਾ, ਰੰਗ ਤੇ ਬਾਕੀ ਸਮਾਨ ਵੀ ਲੈਣਾ ਪੇਦਾ ਹੈ ।

ਸਕੂਲ ਮੇਦੀਆਂ ਦੀ ਪਰੀਮੋ ਗਰਾਦੋ ਪੇਪਰਾ ਨਾਲ ਖਤਮ ਹੁੰਦੇ ਹਨ (8ਵੀ ਕਲਾਸ)।

*ਅਧਿਆਪਕਾ ਕੋਲੋ ਜਾ ਕਲਰਕ ਕੋਲੋ ਸਮਾਨ ਦੀ ਲਿਸਟ ਲੈ ਸਕਦੇ ਹੋ ।*


INFERMERIA
ASSISTENTE
SANITARIA

# 2 ਸਕੂਲ ਏਲੇਮੇਨਤਾਰੇ ਵਿੱਚ ਦਾਖਲਾ ਲੈਣ ਲਈ ਕਿਹੜੇ ਕਾਗਜ ਜਰੂਰੀ ਹਨ ?

ਦਾਖਲਾ ਲੈਣ ਲਈ ਬੱਚੇ ਦੇ ਮਾਤਾ ਪਿਤਾ ਨੂੰ ਸਕੂਲ ਜਾ ਕੇ ਇਕ ਕਾਗਜ ਭਰਨਾ ਪੈਂਦਾ ਹੈ ਜੋ ਕਿ ਸਿਰਫ਼ ਸਕੂਲ ਦੀ ਕਲਰਕ ਦਿੰਦੀ ਹੈ ।

ਇਸ ਕਾਗਜ ਵਿੱਚ ਬੱਚੇ ਦੀ ਜਨਮ ਦੀ ਤਰੀਕ ਤੇ ਬਾਕੀ ਸਾਰੀ ਹੀ ਜਾਣਕਾਰੀ ਲਿਖੀ ਹੁੰਦੀ ਹੈ ।

**ਜੇ ਤੁਹਾੜੇ ਕੋਲ ਇਹ ਕਾਗਜ਼ ਹੋਣ :**

- ਜਨਮ ਦਾ ਸਰਟੀਫਿਕੇਟ
- ਟੀਕਿਆ ਦਾ ਸਰਟੀਫਿਕੇਟ
- ਸਕੂਲ ਦਾ ਸਰਟੀਫਿਕੇਟ

ਤਾ ਤੁਸੀ ਇਹ ਸਕੂਲ ਦੀ ਕਲਰਕ ਨੂੰ ਦੇ ਸਕਦੇ ਹੈ ।

**ਦਾਖਲਾ ਲੈਣ ਤੋ ਬਾਅਦ ਇਹ ਕਾਗਜ ਭਰਨੇ ਜਰੂਰੀ ਹਨ ।**

- ਕਿਸ ਸਕੂਲ ਵਿਚ ਦਾਖਲਾ ਲੈਣਾ ਹੈ ।
- ਇਟਾਲੀ ਧਰਮ ਕਰਨਾ ਚਾਹੁੰਦੇ ਹੋ ਜਾ ਨਹੀ ।

ਜੇ ਇਨਾਂ ਵਿਚੋ ਤੁਹਾੜੇ ਕੋਲ ਕੋਈ ਵੀ ਕਾਗਜ ਨਾ ਹੋਵੇ ਤਾ ਅਧਿਆਪਕ ਜੋ ਠੀਕ ਸਮਝਣ ਬੱਚੇ ਨੂੰ ਉਸ ਹੀ ਕਲਾਸ ਵਿਚ ਰੱਖਣਗੇ ।



# 3 ਕਿਸ ਤਰਾਂ ਦਾ ਹੁੰਦਾ ਹੈ ਸਕੂਲਾ ਸੇਕੋਂਨਦਾਰੀਆ ਦੀ ਪਰੀਮੋ ਗਰਾਦੋ ?

ਜਿਹੜੇ ਮਰਜੀ ਸਕੂਲ ਵਿਚ ਮਾਤਾ ਪਿਤਾ ਬੱਚੇ ਦੇ ਸਕੂਲ ਦਾ ਟਾਇਮ ਚੁੰਣ ਸਕਦੇ ਹਨ ।

- **ਸਕੂਲ ਦਾ ਸਧਾਰਨ ਟਾਇਮ** :

  30 ਘੰਟੇ ਹਫਤੇ ਵਿਚ ਜਰੂਰੀ ਹਨ । ਸਵੇਰੇ, ਸੋਮਵਾਰ ਤੋ ਸ਼ਨੀਵਾਰ _______ ਤੋ

  _______

- **ਸਕੂਲ ਵਿਚ ਵਾਧੂ ਟਾਇਮ :**

  ਇਸ ਵਿਚ ਸ਼ਾਮ ਦੇ ਵਾਧੂ 3 ਘੰਟੇ ਲਾਉਣੇ ਪੈਦੇ ਹਨ । ____________ ਤੋ

  __________ ਆਪਣੇ ਬੱਚੇ ਦਾ ਸ਼ੈਕਸ਼ਨ ਪਹਿਲਾ ਹੀ ਪੁੱਛ ਲੈਣਾ ਜਰੂਰੀ ਹੈ ।



# 4 ਧਾਰਮਿਕ ਪੜਾਈ ਜਾ ਹੋਰ ......

ਹਫਤੇ ਵਿਚ ਦੋ ਘੰਟੇ ਧਾਰਮਿਕ ਪੜਾਂਈ ਕਰਵਾਈ ਜਾਦੀ ਹੈ।

ਦਾਖਲਾ ਲੈਣ ਦੇ ਸਮੇ ਮਾਤਾ ਪਿਤਾ ਨੂੰ ਧਾਰਮਿਕ ਪੜਾਂਈ ਬਾਰੇ ਦੱਸਣਾ ਜਰੂਰੀ ਹੈ।

| ਕਰਨੀ ਹੈ | ਜਾ ਨਹੀ |
|---|---|

ਅਤੇ ਜੇ ਮਾਤਾ ਪਿਤਾ ਆਪਣੇ ਬੱਚਿਆ ਨੂੰ ਧਾਰਮਿਕ ਪੜਾਈ ਨਹੀ ਕਰਵਾਉਣਾ ਚਾਉਦੇ ਤਾ ਉਹਨਾ ਕੋਲ ਸਿਰਫ ਦੋ ਹੀ ਰਸਤੇ ਹਨ।

- ਸਕੂਲ ਵਿਚ ਰਹਿ ਕੇ ਪੜਾਂਈ ਕਰਨੀ
- ਜਾ ਫਿਰ ਸਕੂਲ ਤੋ ਬਾਹਰ ਜਾਣਾ


CALENDARIO SCUOLA
Sett Ott Nov Dic Gen Feb Mar Apr Mag Giu

# 5 ਕਿਹੜਾ ਹੈ ਸਕੂਲ ਦਾ ਕਲੰਡਰ ?

ਸਕੂਲ ਸਾਲ ਵਿਚ 9 ਮਹੀਨੇ ਚਲਦਾ ਹੈ ।

ਸ਼ੁਰੂ ਅੱਧੇ ਸਤੰਬਰ ਵਿਚ ਹੁੰਦਾ ਹੈ ਤੇ ਖਤਮ ਜੂਨ ਦੇ ਅੱਧ ਵਿਚ ।

**ਛੁੱਟੀਆ ਦੋ ਪ੍ਰਕਾਰ ਦੀਆ ਹੁੰਦੀਆ ਹਨ ।**

- 2 ਹਫਤੇ ਨਤਾਲਿਆ ਵਿਚ ( ਜਿਆਦਾ ਤਰ 23 ਦਸੰਬਰ ਤੋ 6 ਜਨਵਰੀ ਤੱਕ )
- 1 ਹਫਤੇ ਪਾਸਕੋਏ ਵਿਚ ( ਮਾਰਚ ਜਾ ਅਪ੍ਰੈਲ ਵਿਚ )

ਬਾਕੀ ਛੁਟੀਆ ਸਕੂਲਾ ਦੇ ਹਿਸਾਬ ਨਾਲ ਹੁੰਦੀਆ ਹਨ ।

*ਬਾਕੀ ਸਕੂਲ ਵਾਲੇ ਤੁਹਾਨੂੰ ਸੁਚਿਤ ਕਰਦੇ ਰਹਿਣ ਗੇ ਜੋ ਸਕੂਲ ਵਿਚ ਹੁੰਦਾ ਹੈ ਅਤੇ ਜੋ ਬੱਚਿਆ ਨੂੰ ਕਰਨਾ ਚਾਹੀਦਾ ਹੈ ਅਤੇ ਛੁੱਟੀਆ ਵਾਰੇ ।*

## ਛੁੱਟੀਆ

ਹਰ ਛੁੱਟੀ ਦੀ ਕੋਈ ਵਜਹ ਹੋਣੀ ਚਾਹੀਦੀ ਹੈ । ਅਰਜੀ ਲਿਆਉਣੀ ਜਰੂਰੀ ਹੈ ਤੇ ਉਸ ਤੇ ਮਾਤਾ ਪਿਤੇ ਦੇ ਦਸਤਖਤ ਹੋਣੇ ਜਰੂਰੀ ਹਨ । ਤੇ ਬੱਚਾ ਕਿਸੇ ਕਾਰਨ ਸਕੂਲ ਵਿਚ ਲੇਟ ਆਵੇ ਤਾਂ ਉਸ ਨੂੰ ਅਰਜੀ ਉਤੇ ਮਾਪਿਆ ਦੇ ਸਾਇਨ ਕਰਾਉਣਾ ਜਰੁਰੀ ਹੈ ।


IL COMPUTER
LA TECNICA
STORIA
2
MATEMATICA
GEOGRAFIA

# 6 ਬੱਚੇ ਸਕੂਲ ਵਿਚ ਕੀ ਸਿਖਦੇ ਹਨ ।

ਸਕੂਲ ਵਿਚ ਬੱਚੇ ਤਿੰਨ ਸਾਲ ਪੜਦੇ ਹਨ । ਅਤੇ ਹੇਠ ਲਿਖਿਆ ਗੱਲਾ ਵੱਲ ਧਿਆਨ ਦੇਣਾ ਜਰੂਰੀ ਹੈ ।

- ਪੜਾਈ ਸਹੀ ਢੰਗ ਨਾਲ ਕਰਨੀ ।
- ਸਮਜਦਾਰ ਅਤੇ ਆਪਣਾ ਧਿਆਨ ਰੱਖਣਾ ।
- ਆਪਣੇ ਤੇ ਵਿਸ਼ਵਾਸ ।
- ਦੂਜਿਆ ਦੀ ਇਜੱਤ ।
- ਸਿਹਤ ਦਾ ਧਿਆਨ ਤੇ ਵਾਤਾਵਰਨ ਦੀ ਸੰਭਾਲ ।

**ਸਕੂਲ ਮੈਦੀਆ ਵਿਚ ਇਹ ਸਿਖਦੇ ਹਨ :**

- ਇਟਾਲੀਅਨ ਭਾਸ਼ਾ
- ਹਿਸਾਬ
- ਸਾਈਸ
- ਸਮਾਜਿਕ ਸਿੱਖਿਆ
- ਵਿਗਿਆਨ
- ਟੈਕਨੋਲਜੀ ਤੇ ਕੰਪੂਟਰ
- ਇੰਗਲੀਸ਼
- ਡਰਾਇੰਗ
- ਖੇਡਾ
- ਮਿਓਜਿਕ


GIUGNO
ESAME FINALE

# 1 ਬੱਚਿਆ ਨੂੰ ਕਿਸ ਹਿਸਾਬ ਨਾਲ ਨੰਬਰ ਦਿੱਤੇ ਜਾਦੇ ਹਨ ?

ਬੱਚਿਆ ਨੂੰ ਸਾਲ ਵਿਚ 2 ਵਾਰੀ ਨੰਬਰ ਦਿੱਤੇ ਜਾਦੇ ਹਨ ।

ਸਤੰਬਰ ਤੋ ਜਨਵਰੀ ਤੇ ਫਰਵਰੀ ਤੋਂ ਜੂਨ

ਜਨਵਰੀ ਅਤੇ ਜੂਨ ਵਿਚ ਅਧਿਆਪਕ ਰਿਪੋਰਟ

ਕਾਰਡ ਦਿੰਦੇ ਹਨ ਅਤੇ ਉਹ ਬੱਚਿਆ ਦੇ ਮਾਪਿਆ ਨੂੰ ਦਿੰਦੇ ਹਨ ।

ਸਕੂਲ ਵਿਚ ਦੋ ਵਾਰੀ ਟੈਸਟ ਹੁੰਦੇ ਹਨ ਜਿਸ ਵਿਚੋ ਨੰਬਰ ਦਿੱਤੇ ਜਾਦੇ ਹਨ । ਜਿਸ ਨਾਲ ਪਤਾ ਲਗਦਾ ਹੈ ਕਿ ਬੱਚਾ ਪਾਸ ਹੈ ਜਾ ਨਹੀ ।



# 8 ਅਧਿਆਪਕਾ ਅਤੇ ਮਾਪਿਆ ਦੀਆ ਮੀਟਿੰਗਾ ਕਿਸ ਵਾਸਤੇ ਕੀਤੀਆ ਜਾਦੀਆ ਹਨ ?

ਬੱਚਿਆ ਵਾਸਤੇ ਅਤੇ ਉਹਨਾ ਦੀਆ ਮੁਸ਼ਕਲਾ ਵਾਸਤੇ ਹੁੰਦੀਆ ਹਨ।

ਇਹ ਮੁਲਾਕਾਤਾ ਬਹੁਤ ਜਰੂਰੀ ਹੈ ਕਿਉਕੀ ਸਕੂਲ ਅਤੇ ਪਰੀਵਾਰ ਇਕੱਠੇ ਹੋ ਕੇ ਬੱਚਿਆ ਦੇ ਭਵਿੱਖ ਵਾਸਤੇ ਸੋਚਦੇ ਹਨ।

## *ਮੁਲਾਕਾਤ*

ਹਰ ਅਧਿਆਪਕ ਜਾਣਕਾਰੀ ਦਿੰਦੇ ਹਨ ਕੀ ਉ ਕਦੋ ਆਪਣੇ ਬੱਚਿਆ ਵਾਸਤੇ ਆ ਕੇ ਗੱਲ ਬਾਤ ਕਰ ਸਕਦੇ ਹਨ। ਅਤੇ ਨਾਲ ਹੀ ਮਾਪਿਆ ਦੀ ਮਦਦ ਵਾਸਤੇ ਉਹਨਾਂ ਨੂੰ ਸਨਝਾਉਣ ਵਾਸਤੇ ਉਹਨਾਂ ਦੀ ਭਾਸ਼ਾ ਦਾ ਇਕ ਸਹਾਇਕ ਵੀ ਹੁੰਦਾ ਹੈ।

ਮਾਤਾ ਪਿਤਾ ਵੀ ਬੱਚਿਆ ਦੇ ਬਾਰੇ ਗੱਲ ਬਾਤ ਕਰਨ ਵਾਸਤੇ ਅਧਿਆਪਕਾ ਨੂੰ ਮਿਲ ਸਕਦੇ ਹਨ।

ਕਈ ਵਾਰ ਮਿੰਟੀਗਾ ਵਿਚ ਆਪਦੀ ਭਾਸ਼ਾ ਬੋਲਣ ਵਾਲੇ ਸਹਾਇਕ ਵੀ ਆਪਦੀ ਮਦਦ ਕਰਦੇ ਹਨ।


ALBERO
BICICLETTA
NE

## 9 ਜੇ ਬੱਚੇ ਨੂੰ ਇਟਾਲੀਅਨ ਨਹੀ ਅਉਦੀ ?

ਬੱਚੇ ਦੀ ਮਦਦ ਵਾਸਤੇ ਅਤੇ ਉਸ ਨੂੰ ਕਲਾਸ ਵਿੱਚ ਦਾਖਲਾ ਦਵਾਉਣ ਵਾਸਤੇ ਅਤੇ ਇਟਾਲੀਅਨ ਸਖਾਉਣ ਵਾਸਤੇ ਅਧਿਆਪਕ ਬੱਚਿਆ ਨੂੰ ਇਟਾਲੀਅਨ ਸਖਾਉਣ ਵਾਸਤੇ ਤਿਆਰੀ ਕਰਦੇ ਹਨ ।

*ਕਈ ਸਕੂਲਾ ਵਿੱਚ ਬੱਚਿਆ ਨੂੰ ਇਟਾਲੀਅਨ ਸਖਾਉਣ ਲਈ ਬਾਹਰੋ ਅਧਿਆਪਕਾ ਆਉਦੇ ਹਨ ਛੋਟੇ ਗਰੁਪਾ ਵਿੱਚ ਵੰਡ ਦੇ ਭਾਸ਼ਾ ਸਖਾਉਦੇ ਹਨ ।*

## 10 ਕਿਹੜੇ ਹਨ ਬੱਚਿਆ ਦੇ ਹੱਕ ?

ਬੱਚਿਆ ਨੂੰ ਸਕੂਲ ਵਿਚ ਪੂਰੀ ਤਿਆਰੀ ਨਾਲ ਆਉਣਾ ਚਾਹੀਦਾ ਹੈ । ਆਪਣੀ ਸਾਫ਼ ਸਫਾਈ ਰੱਖਣੀ ਚਾਹੀਦੀ ਹੈ । ਅਧਿਆਪਕਾ ਦੀ ਇਜਜਤ ਕਰਨੀ ਚਾਹੀਦੀ ਹੈ । ਤੇ ਸਕੂਲ ਵਿਚ ਸਫਾਈ ਰੱਖਣੀ ਚਾਹੀਦੀ ਹੈ । ਮੁਡੇ ਅਤੇ ਕੁੜੀਆ ਦੇ ਹੱਕ ਇਕੋ ਜਿਹੇ ਹਨ ।

# 12 ਜੇ ਤੁਸੀ ਜਿਆਦਾ ਜਾਣਕਾਰੀ ਲੈਣਾ ਚਾਹੁੰਦੇ ਹੋ ?

*ਫਿਕਰ ਨਾ ਕਰੋ !*

ਕਈ ਦਫ਼ਤਰ ਹਨ ਜੋ ਤੁਹਾਡੀ ਮਦਦ ਕਰਨ ਵਾਸਤੇ ਤਿਆਰ ਹਨ ।

- CMAI
  Centro Multifunzione Accoglienza Immigrati
  Via Lavizzari 4 SONDRIO
  Tel. 0342 211554

- CTP
  Centro territoriale Permanente
  Via Diego Gianoli 15 SONDRIO
  Tel. 0342 510868

- Ufficio Scolastico Provinciale
  Via Nazario Sauro 64 SONDRIO
  Tel. 0342 541111

*ਵੈਸੇ ਹੋਰ ਵੀ ਬਾਹਰਲੀਆ ਫੈਮਲੀਆ ਆਪਦੀ ਮਦਦ ਕਰ ਸਕਦੀਆ ਹਨ ।*